- ਪਾਠ ਵਿਚਲੀਆਂ ਅਭਿਆਸ ਕਿਰਿਆਵਾਂ ਦੀ ਲਿਖਤੀ ਜਾਂਚ।

# ਵਰਕਸ਼ੀਟ

**ਹੇਠ ਲਿਖਿਆਂ ਵਿੱਚੋਂ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ ।**

1. **ਸਾਂਝੇ ਪਰਿਵਾਰ ਦੇ ਬਹੁਤ........................ ਹਨ।**

ੳ) ਝਮੇਲੇ ਅ) ਲੜਾਈ-ਝਗੜੇ ੲ) ਹਾਨੀਆਂ ਸ) ਲਾਭ

2. **ਬਜ਼ੁਰਗਾਂ ਦੀ ........................ ਵਿੱਚ ਬੱਚੇ ਵਿਗੜਦੇ ਨਹੀਂ ਹਨ।**

ੳ) ਦੇਖਭਾਲ਼ ਅ) ਬੇਕਦਰੀ ੲ) ਲੜਾਈ ਸ) ਅਣਗਹਿਲੀ

3. **ਰਸੋਈ ਵਿੱਚ ਪ੍ਰਦੂਸ਼ਣ ਨਾ ਹੋਵੇ, ਇਸ ਲਈ..................**

ੳ) ਲੱਕੜੀ ਨੂੰ ਬਾਲਣ ਵਜੋਂ ਵਰਤਣਾ ਚਾਹੀਦਾ ਹੈ।

ਅ) ਧੂੰਆਂ ਬਾਹਰ ਕੱਢਣ ਵਾਲਾ ਪੱਖਾ ਲਗਾਉਣਾ ਚਾਹੀਦਾ ਹੈ।

ੲ) ਪਾਥੀਆਂ ਵਾਲੀ ਅੰਗੀਠੀ ਚੁੱਲ੍ਹੇ ਵਜੋਂ ਵਰਤਣੀ ਚਾਹੀਦੀ ਹੈ।

ਸ) ਕੁਝ ਨਹੀਂ ਕਰਨਾ ਚਾਹੀਦਾ।

4. **ਘਰ ਦੀ ਸਾਰੀ ਖ਼ਰੀਦਦਾਰੀ ਕਿਸ ਦੀ ਮਰਜ਼ੀ ਨਾਲ ਹੋਣੀ ਚਾਹੀਦੀ ਹੈ?**

ੳ) ਸਿਰਫ਼ ਪਾਪਾ ਜੀ ਦੀ ਅ) ਸਿਰਫ਼ ਮੰਮੀ ਜੀ ਦੀ ੲ) ਸਿਰਫ਼ ਦਾਦਾ ਜੀ ਦੀ ਸ) ਸਭ ਦੀ ਸਲਾਹ ਨਾਲ

5. **ਦੀਪੂ ਦੀ ਮੰਮੀ ਕੋਈ ਨੌਕਰੀ ਨਹੀਂ ਕਰਦੇ ਹਨ। ਦੀਪੂ ਦੀ ਭੂਆ ਨੇ ਉਸ ਦੀ ਮੰਮੀ ਨੂੰ ਵਿਹਲੇ ਸਮੇਂ ਕੱਪੜੇ ਸਿਲਾਈ ਕਰਨ ਦੀ ਸਲਾਹ ਦਿੱਤੀ। ਦੀਪੂ ਦੀ ਮੰਮੀ ਨੂੰ ..................**

ੳ) ਇਹ ਸਲਾਹ ਨਹੀਂ ਮੰਨਣੀ ਚਾਹੀਦੀ ਹੈ।

ਅ) ਇਹ ਸਲਾਹ ਮੰਨ ਲੈਣੀ ਚਾਹੀਦੀ ਹੈ।

ੲ) ਆਨਾ-ਕਾਨੀ ਕਰਨੀ ਚਾਹੀਦੀ ਹੈ।



Scanned with CamScanner

ਸ) ਕਿਸੇ ਹੋਰ ਦੀ ਸਲਾਹ ਲੈਣ ਲਈ ਸਮਾਂ ਬਰਬਾਦ ਕਰਨਾ ਚਾਹੀਦਾ ਹੈ।

6. **ਪਰਿਵਾਰ ਦੇ ਖ਼ਰਚੇ ਲਈ ਪੈਸੇ ਕਮਾਉਣ ਦੀ ਜ਼ੁੰਮੇਵਾਰੀ...............**

ੳ) ਸਿਰਫ਼ ਪਾਪਾ ਦੀ ਹੁੰਦੀ ਹੈ।

ਅ) ਸਿਰਫ਼ ਮੰਮੀ ਦੀ ਹੁੰਦੀ ਹੈ।

ੲ) ਸਰਕਾਰ ਦੀ ਹੁੰਦੀ ਹੈ।

ਸ) ਸਾਰੇ ਬਾਲਗਾਂ ਨੂੰ ਆਪਣੀ ਸਮਰੱਥਾ ਅਨੁਸਾਰ ਪਰਿਵਾਰ ਲਈ ਕਮਾਉਣਾ ਚਾਹੀਦਾ ਹੈ।

7. **ਸਾਡੇ ਦੋਸਤ ਕਿਹੋ-ਜਿਹੇ ਹੋਣੇ ਚਾਹੀਦੇ ਹਨ?**

ੳ) ਉੱਚੀ ਜਾਤ ਵਾਲੇ    ਅ) ਚੰਗੇ ਆਚਰਣ ਵਾਲੇ

ੲ) ਪੈਸੇ ਵਾਲੇ    ਸ) ਸਰੀਰਕ ਤੌਰ 'ਤੇ ਤਕੜੇ

8. **ਸੁਜਾਨ ਸਿੰਘ ਦੇ ਘਰ ਕੋਈ ਔਲਾਦ ਨਹੀਂ ਸੀ। ਇਸ ਲਈ ਹੁਣ ਉਸ ਨੇ ਆਪਣੇ ਭਰਾ ਦੀ ਬੇਟੀ ਨੂੰ ...... ............ ਆਪਣੀ ਧੀ ਬਣਾ ਲਿਆ ਹੈ।**

ੳ) ਗੋਦ ਲੈ ਕੇ    ਅ) ਉਧਾਰ ਲੈ ਕੇ    ੲ) ਮੁੱਲ ਲੈ ਕੇ    ਸ) ਨੌਕਰ ਰੱਖ ਕੇ

9. **ਇਕ ਬੇਔਲਾਦ ਜੋੜੇ ਨੇ ਅਨਾਥ ਆਸ਼ਰਮ ਵਿੱਚੋਂ ਇੱਕ ਲੜਕੀ ਨੂੰ ਗੋਦ ਲਿਆ ਹੈ, ਹੁਣ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ............**

ੳ) ਉਨ੍ਹਾਂ ਨਾਲ ਨਾਰਾਜ਼ ਹੋ ਜਾਣਾ ਚਾਹੀਦਾ ਹੈ।    ਅ) ਉਨ੍ਹਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ।

ੲ) ਉਨ੍ਹਾਂ ਨਾਲ ਲੜਨਾ ਚਾਹੀਦਾ ਹੈ।    ਸ) ਉਨ੍ਹਾਂ ਨਾਲ ਬੋਲਣਾ ਬੰਦ ਕਰ ਦੇਣਾ ਚਾਹੀਦਾ ਹੈ।

10. **ਤੁਹਾਡੇ ਪਰਿਵਾਰ ਵਿੱਚ ਕੁੱਲ ਕਿੰਨੇ ਮੈਂਬਰ ਹਨ?**

ੳ) ਚਾਰ ਮੈਂਬਰ    ਅ) ਪੰਜ ਮੈਂਬਰ    ੲ) ਪੰਜ ਤੋਂ ਵੱਧ ਮੈਂਬਰ    ਸ) ਚਾਰ ਤੋਂ ਘੱਟ ਮੈਂਬਰ

11. **ਅਮਰ ਸਿੰਘ ਦੇ ਸਿਰਫ਼ ਇੱਕ ਬੇਟੀ ਹੈ। ਬੇਟੀ ਦੇ ਵਿਆਹ ਤੋਂ ਬਾਅਦ ਉਨ੍ਹਾਂ ਨੇ ਆਪਣੇ ਜਵਾਈ ਨੂੰ ਆਪਣੇ ਘਰ ਵਿੱਚ ਰੱਖ ਲਿਆ ਹੈ। ਹੁਣ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ........................**

ੳ) ਵੱਧ ਜਾਵੇਗੀ।    ਅ) ਘੱਟ ਜਾਵੇਗੀ।

ੲ) ਕੋਈ ਫ਼ਰਕ ਨਹੀਂ ਪਵੇਗਾ।    ਸ) ਦੁੱਗਣੀ ਹੋ ਜਾਵੇਗੀ।

12. **ਤੁਸੀਂ ਕਿਹੋ ਜਿਹੇ ਗੁਣਾਂ ਵਾਲੇ ਵਿਦਿਆਰਥੀ ਨੂੰ ਆਪਣਾ ਦੋਸਤ ਬਣਾਉਣਾ ਪਸੰਦ ਕਰੋਗੇ?**

ੳ) ਜੋ ਚੰਗੇ ਆਚਰਣ ਵਾਲਾ ਹੋਵੇ ।    ਅ) ਜੋ ਅਧਿਆਪਕਾਂ ਦਾ ਕਹਿਣਾ ਮੰਨਦਾ ਹੋਵੇ।

ੲ) ਜੋ ਮਨ ਲਾ ਕੇ ਪੜ੍ਹਦਾ ਹੋਵੇ।    ਸ) ਜਿਸ ਵਿੱਚ ਉਪਰੋਕਤ ਸਾਰੇ ਗੁਣ ਹੋਣ।

ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ?

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner